# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ/ਪੀ.ਐਸ.ਬੀ.ਟੀ/ਆਈ.ਟੀ.ਆਈ/2020/2524 ਮਿਤੀ: 22-12-2020

ਵੱਲ,

ਪ੍ਰਿੰਸੀਪਲ/ਮੁੱਖ ਅਧਿਆਪਕ,

ਸਮੂਹ ਸਰਕਾਰੀ ਅਤੇ ਪ੍ਰਾਈਵੇਟ ਆਈ.ਟੀ.ਆਈ ਸੰਸਥਾਵਾਂ (ਐਨ.ਸੀ.ਵੀ.ਟੀ ਸਕੀਮ ਅਧੀਨ)

ਪੰਜਾਬ ਰਾਜ ਅਧੀਨ।

ਵਿਸ਼ਾ: **Final Call for issuance of pending legacy E- NTC's through NCVT MIS- portal।**

ਵਿਸ਼ੇ ਸਬੰਧੀ ਬੋਰਡ ਦਫਤਰ ਦੇ ਪੱਤਰ ਨੰ: 815 ਮਿਤੀ 20-08-2020 ਰਾਹੀਂ ਰਾਜ ਦੀਆਂ ਸਮੂਹ ਸੰਸਥਾਵਾਂ ਤੋਂ ਡੀ.ਜੀ.ਟੀ, ਨਵੀਂ ਦਿੱਲੀ ਤੋਂ ਪ੍ਰਾਪਤ ਫਾਰਮੇਟ ਅਨੁਸਾਰ ਐਨ.ਟੀ.ਸੀ ਸਰਟੀਫਿਕੇਟ ਜਾਰੀ ਕਰਨ ਹਿਤ ਡਾਟਾ ਦੀ ਮੰਗ ਕੀਤੀ ਗਈ ਸੀ। ਦੱਸਿਆ ਜਾਂਦਾ ਹੈ ਕਿ ਹੁਣ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਫਾਰਮੇਟ ਵਿੱਚ ਕੁਝ ਬਦਲਾਵ ਕੀਤੇ ਗਏ ਹਨ। ਡੀ.ਜੀ.ਟੀ ਤੋਂ ਪ੍ਰਾਪਤ ਨਵਾਂ ਫਾਰਮੇਟ ਆਪ ਜੀ ਨੂੰ ਪੱਤਰ ਨਾਲ ਨੱਥੀ ਕਰਕੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾ ਰਿਹਾ ਹੈ, ਇਸੇ ਫਾਰਮੇਟ ਅਨੁਸਾਰ ਹੀ ਡਾਟਾ (ਨੱਥੀ ਫਾਰਮੇਟ ਅਨੁਸਾਰ) ਅਤੇ ਅੰਡਰਟੇਕਿੰਗ (ਕਾਪੀ ਨੱਥੀ) ਤਿਆਰ ਕਰਕੇ ਮਿਤੀ 31/12/2020 ਤੱਕ ਬੋਰਡ ਦਫਤਰ ਦੀ ਈਮੇਲ ntc.certificate@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਜਿੰਨ੍ਹਾਂ ਸਿਖਿਆਰਥੀਆਂ ਦਾ ਡਾਟਾ ਐਨ.ਟੀ.ਸੀ ਜਾਰੀ ਕਰਨ ਹਿਤ ਬੋਰਡ ਦਫਤਰ ਵਿਖੇ ਭੇਜਿਆ ਜਾ ਰਿਹਾ ਹੈ, ਉਹਨਾਂ ਦੇ ਡੀ.ਐਮ.ਸੀ ਅਤੇ ਪੀ.ਐਨ.ਟੀ.ਸੀ ਦੀ ਸਕੈਨ ਕਾਪੀ PDF form ਵਿੱਚ ਨਾਲ ਜ਼ਰੂਰ ਭੇਜੀ ਜਾਵੇ ਕਿਉਂ ਜੋ ਡੀ.ਜੀ.ਟੀ, ਨਵੀਂ ਦਿੱਲੀ ਨੂੰ ਸਬੰਧਤ ਸਰਟੀਫਿਕੇਟ ਐਨ.ਟੀ.ਸੀ ਜਾਰੀ ਕਰਨ ਹਿਤ ਲੋੜੀਂਦੇ ਹਨ। ਜੇਕਰ ਨਿਰਧਾਰਿਤ ਮਿਤੀ ਤੱਕ ਡਾਟਾ ਬੋਰਡ ਦਫਤਰ ਵਿਖੇ ਪ੍ਰਾਪਤ ਨਹੀਂ ਹੁੰਦਾ ਹੈ ਜਾਂ ਨਿਰਧਾਰਿਤ ਮਿਤੀ ਤੋਂ ਬਾਅਦ ਕੋਈ ਕੇਸ ਪ੍ਰਾਪਤ ਹੁੰਦਾ ਹੈ ਤਾਂ ਉਸ ਕੇਸ ਨੂੰ ਬੋਰਡ ਦਫਤਰ ਵਲੋਂ ਵਿਚਾਰਿਆ ਨਹੀਂ ਜਾਵੇਗਾ ਅਤੇ ਸਰਟੀਫਿਕੇਟ ਨਾਂ ਜਾਰੀ ਹੋਣ ਦੀ ਸੂਰਤ ਵਿੱਚ ਪੂਰਨ ਜਿੰਮੇਵਾਰੀ ਸਬੰਧਤ ਸੰਸਥਾ ਦੇ ਮੁਖੀ ਦੀ ਹੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਯੋਗ ਕਾਰਵਾਈ ਪਹਿਲ ਦੇ ਆਧਾਰ ਤੇ ਕੀਤੀ ਜਾਵੇ ਜੀ ।

ਨੱਥੀ : ਉਪਰੋਕਤ ਅਨੁਸਾਰ

22/12/20

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)

ਵਾਸਤੇ ਸਕੱਤਰ

Scanned with CamScanner